BRITISH COLUMBIA

# ਪਿੱਠ-ਭੂਮੀ 3

ਤੁਰੰਤ ਜਾਰੀ ਕਰਨ ਹਿਤ — ਵਿੱਤ ਮੰਤਰਾਲਾ

2021FIN0023-000744

20 ਅਪ੍ਰੈਲ, 2021

## ਮਹਾਮਾਰੀ ਦੇ ਦੌਰਾਨ ਅਤੇ ਉਸ ਤੋਂ ਬਾਦ ਲੋਕਾਂ ਨੂੰ ਸਹਾਰਾ

ਬ੍ਰਿਟਿਸ਼ ਕੋਲੰਬੀਆ ਨਿਵਾਸੀ ਇਸ ਵਾਇਰਸ ਦਾ ਮੁਕਾਬਲਾ ਕਰਨ ਲਈ ਅਤੇ ਜ਼ਿੰਦਗੀ ਨੂੰ ਵਾਪਸ ਪਟੜੀ 'ਤੇ ਲਿਆਉਣ ਲਈ ਸਖ਼ਤ ਮਿਹਨਤ ਕਰ ਰਹੇ ਹਨ। ਲੋਕਾਂ ਨੂੰ ਇਸ ਮਹਾਮਾਰੀ ਦੇ ਦੌਰਾਨ ਸਹਾਰਾ ਦੇਣ ਲਈ ਅਤੇ ਇਹ ਯਕੀਨੀ ਬਣਾਉਣ ਲਈ ਕਿ ਜਦੋਂ ਬੀ ਸੀ ਆਰਥਕ ਮੁੜ-ਬਹਾਲੀ ਵੱਲ ਵਧ ਰਿਹਾ ਹੈ, ਤਾਂ ਲੋਕ ਹੋਰ ਜ਼ਿਆਦਾ ਪਛੜ ਨਾ ਜਾਣ, ਬਜਟ 2021 ਵਿੱਚ ਬੀ ਸੀ ਨੂੰ ਹਰ ਇੱਕ ਲਈ ਵਧੇਰੇ ਖ਼੍ਰੀਦ-ਪਹੁੰਚ ਯੋਗ ਬਣਾਉਣ ਲਈ ਸਹਾਇਤਾ ਸਾਧਨ ਅਤੇ ਸੇਵਾਵਾਂ ਸ਼ਾਮਲ ਕੀਤੀਆਂ ਗਈਆਂ ਹਨ।

### ਹਰ ਇੱਕ ਲਈ ਇੱਕ ਖ਼੍ਰੀਦ-ਪਹੁੰਚ ਯੋਗ ਬੀ ਸੀ ਦਾ ਨਿਰਮਾਣ

### 12 ਸਾਲ ਅਤੇ ਉਸ ਤੋਂ ਘੱਟ ਉਮਰ ਦੇ ਬੱਚਿਆਂ ਲਈ ਮੁਫ਼ਤ ਜਨਤਕ ਆਵਾਜਾਈ

ਪੂਰੇ ਸੂਬੇ ਵਿੱਚ 12 ਸਾਲ ਅਤੇ ਉਸ ਤੋਂ ਘੱਟ ਉਮਰ ਦੇ, 340,000 ਤੋਂ ਵੱਧ ਬੱਚੇ ਇਸ ਸਤੰਬਰ ਵਿੱਚ ਕਲਾਸਾਂ ਸ਼ੁਰੂ ਹੋਣ ਦੇ ਸਮੇਂ ਤੋਂ ਜਨਤਕ ਆਵਾਜਾਈ ਸਾਧਨਾਂ ਰਾਹੀਂ ਮੁਫ਼ਤ ਸਫ਼ਰ ਕਰ ਸਕਣਗੇ। ਸਰਕਾਰ ਲੋਕਾਂ ਦੇ ਵਧੇਰੇ ਖ਼੍ਰੀਦ-ਪਹੁੰਚ ਯੋਗ ਢੰਗ ਨਾਲ ਇਧਰ ਉਧਰ ਜਾਣ ਲਈ $26 ਮਿਲੀਅਨ ਦਾ ਨਿਵੇਸ਼ ਕਰ ਰਹੀ ਹੈ, ਜਿਸ ਵਿੱਚ ਫ਼ੈਡਰਲ-ਸੂਬਾਈ ਰੀਸਟਾਰਟ ਐਗਰੀਮੈਂਟ ਰਾਹੀਂ ਪ੍ਰਾਪਤ $15 ਮਿਲੀਅਨ ਸ਼ਾਮਲ ਹਨ। ਟ੍ਰਾਂਸਲਿੰਕ ਸੇਵਾ ਖੇਤਰਾਂ ਵਿੱਚ ਰਹਿਣ ਵਾਲੇ ਪਰਿਵਾਰਾਂ ਨੂੰ ਪ੍ਰਤੀ ਸਾਲ ਹਰ ਉਸ ਬੱਚੇ ਲਈ $672 ਤੱਕ ਬੱਚਤ ਹੋਵੇਗੀ ਜੋ ਮਾਸਿਕ ਪਾਸ ਦੀ ਵਰਤੋਂ ਕਰਦਾ ਹੈ, ਜਦ ਕਿ ਉਨ੍ਹਾਂ ਭਾਈਚਾਰਿਆਂ ਵਿੱਚ ਰਹਿਣ ਵਾਲੇ ਪਰਿਵਾਰ ਜਿੱਥੇ ਬੀ ਸੀ ਟ੍ਰਾਂਜ਼ਿਟ ਦੁਆਰਾ ਸੇਵਾਵਾਂ ਦਿੱਤੀਆਂ ਜਾਂਦੀਆਂ ਹਨ, ਪ੍ਰਤੀ ਸਾਲ $400 ਤੱਕ ਦੀ ਬੱਚਤ ਕਰ ਸਕਣਗੇ।

### ਸਿੱਖਿਆ ਵਿੱਚ ਨਿਵੇਸ਼ਾਂ ਰਾਹੀਂ ਬੀ ਸੀ ਦੇ ਯੁਵਕਾਂ ਦੀ ਸਹਾਇਤਾ

ਇਹ ਮਹਾਮਾਰੀ ਨੇ ਬੀ ਸੀ ਦੇ ਯੁਵਕਾਂ, ਅਧਿਆਪਕਾਂ ਅਤੇ ਸਹਾਇਕ ਸਟਾਫ਼ ਲਈ ਵਿਸ਼ੇਸ਼ ਰੂਪ ਵਿੱਚ ਮੁਸ਼ਕਲਾਂ ਪੈਦਾ ਕੀਤੀਆਂ ਹਨ। ਬਜਟ 2021 ਵਿੱਚ ਬੀ ਸੀ ਦੀ ਸਿੱਖਿਆ ਪ੍ਰਣਾਲੀ ਵਿੱਚ ਨਿਵੇਸ਼ ਕਰਨਾ ਜਾਰੀ ਰੱਖਿਆ ਗਿਆ ਹੈ ਤਾਂ ਕਿ ਸਕੂਲਾਂ ਵਿੱਚ ਮਾਨਸਕ ਸਿਹਤ ਲਈ ਸਹਾਇਤਾ ਸਾਧਨਾਂ ਤੱਕ ਪਹੁੰਚ ਵਿੱਚ ਸੁਧਾਰ ਹੋ ਸਕੇ ਅਤੇ ਨਸਲਵਾਦ ਅਤੇ ਮੇਲ-ਮਿਲਾਪ ਦੇ ਸਮਾਧਾਨ ਲਈ ਇੱਕ ਨੈੱਟਵਰਕ ਵਿਕਸਤ ਕੀਤਾ ਜਾ ਸਕੇ ਤਾਂ ਜੋ ਅਗਲੀ ਪੀੜ੍ਹੀ ਉਸ ਸੁਰੱਖਿਆ ਅਤੇ ਸਹਾਰੇ ਨਾਲ ਵਿਕਾਸ ਕਰ ਸਕੇ ਜਿਸ ਦੀ ਉਨ੍ਹਾਂ ਨੂੰ ਵਧਣ ਫ਼ੁੱਲਣ ਲਈ ਜ਼ਰੂਰਤ ਹੈ। ਬਜਟ 2021 ਰਾਹੀਂ ਮਾਲੀ ਯੋਜਨਾ ਦੌਰਾਨ ਸੰਚਾਲਨ ਲਈ ਮਾਲੀ ਮਦਦ ਦੇ ਰੂਪ ਵਿੱਚ $1.2 ਬਿਲੀਅਨ ਦਾ ਨਿਵੇਸ਼ ਕੀਤਾ ਜਾ ਰਿਹਾ ਹੈ ਤਾਂ ਕਿ ਬੀ ਸੀ ਦੇ ਕੇ-12 ਸਿਸਟਮ ਵਿੱਚ ਵਿਦਿਆਰਥੀਆਂ ਦੀ ਵਧ ਰਹੀ ਗਿਣਤੀ ਨੂੰ ਸਹਾਰਾ ਦਿੱਤਾ ਜਾ ਸਕੇ ਅਤੇ ਅਧਿਆਪਕਾਂ ਅਤੇ ਸਹਾਇਕ ਸਟਾਫ਼ ਲਈ ਸਸਟੇਨੇਬਲ ਸਰਵਿਸਜ਼ ਨੈਗੋਸ਼ੀਏਟਿੰਗ ਮੈਨਡੇਟ ਦੇ ਤਹਿਤ ਹੋਈ ਸਮਝੌਤਾ ਵਾਰਤਾ ਅਨੁਸਾਰ ਵੇਤਨ ਵਿੱਚ ਵਾਧਿਆਂ ਵਿੱਚ ਸਹਾਇਤਾ ਦਿੱਤੀ ਜਾ ਸਕੇ। ਬਜਟ 2021 ਵਿੱਚ ਮਾਲੀ ਯੋਜਨਾ ਦੇ ਦੌਰਾਨ ਪੂੰਜੀਗਤ ਨਿਵੇਸ਼ਾਂ ਦੇ ਰੂਪ ਵਿੱਚ $3.5 ਬਿਲੀਅਨ ਵੀ ਸ਼ਾਮਲ ਹਨ, ਤਾਂ ਕਿ ਪੂਰੇ ਸੂਬੇ ਦੇ ਭਾਈਚਾਰਿਆਂ ਵਿੱਚ ਸਕੂਲਾਂ ਨੂੰ ਵਧਾਇਆ ਜਾ ਸਕੇ, ਬਦਲਿਆ ਜਾ ਸਕੇ, ਉਨ੍ਹਾਂ ਦੀ ਦੇਖਭਾਲ ਕੀਤੀ ਜਾ ਸਕੇ ਜਾਂ ਹਾਲਤ ਵਿੱਚ ਸੁਧਾਰ ਕੀਤਾ ਜਾ ਸਕੇ।

**ਪੂਰੇ ਬੀ ਸੀ ਦੇ ਭਾਈਚਾਰਿਆਂ ਵਿੱਚ ਖ਼ਰੀਦ-ਪਹੁੰਚ ਯੋਗ ਵਧੇਰੇ ਆਵਾਸ ਦਾ ਨਿਰਮਾਣ**

ਸਰਕਾਰ ਵੱਲੋਂ 2018 ਵਿੱਚ ਆਪਣੀ 10-ਸਾਲਾ ਹੋਮਜ਼ ਫ਼ੋਰ ਬੀ ਸੀ ਯੋਜਨਾ ਦੇ ਆਰੰਭ ਕਰਨ ਤੋਂ ਲੈ ਕੇ 26,000 ਤੋਂ ਵੱਧ ਨਵੇਂ ਘਰਾਂ ਦਾ ਨਿਰਮਾਣ ਕੀਤਾ ਜਾ ਚੁੱਕਾ ਹੈ ਜਾਂ ਹੋ ਰਿਹਾ ਹੈ। ਬਜਟ 2021 ਰਾਹੀਂ ਵਧ ਰਹੇ ਪਰਿਵਾਰਾਂ, ਬਜ਼ੁਰਗਾਂ, ਹਿੰਸਕ ਸਥਿਤੀਆਂ 'ਚੋਂ ਨਿਕਲਣ ਵਾਲੀਆਂ ਇਸਤ੍ਰੀਆਂ ਅਤੇ ਬੱਚਿਆਂ, ਵਿਦਿਆਰਥੀਆਂ ਅਤੇ ਮੂਲਵਾਸੀ ਲੋਕਾਂ ਲਈ ਵਧੇਰੇ ਖ਼ਰੀਦ-ਪਹੁੰਚ ਯੋਗ ਆਵਾਸ ਦੇ ਵਿਕਲਪ ਉਤਪੰਨ ਕਰ ਕੇ ਇਸ ਮੁੱਖ ਤਰਜੀਹ ਨੂੰ ਨਿਰੰਤਰ ਸਹਾਇਤਾ ਦਿੱਤੀ ਜਾ ਰਹੀ ਹੈ। ਆਗਾਮੀ ਤਿੰਨ ਤੋਂ ਪੰਜ ਸਾਲਾਂ ਦੌਰਾਨ ਮੱਧ-ਆਮਦਨੀ ਵਾਲੇ ਪਰਿਵਾਰਾਂ ਲਈ ਲਗਭਗ 9,000 ਨਵੇਂ ਘਰਾਂ ਦਾ ਨਿਰਮਾਣ ਸੰਭਵ ਬਣਾਉਣ ਲਈ ਭਾਈਵਾਲਾਂ ਨਾਲ ਸਹਿਯੋਗ ਕਰਨ ਲਈ ਇਸ ਵਿੱਚ ਵਿਕਾਸ ਵਿੱਤ-ਪੋਸ਼ਣ ਲਈ ਹਾਊਸਿੰਗ ਹਬ ਪ੍ਰੋਗਰਾਮ ਰਾਹੀਂ ਅਧਿਕਤਰ $2 ਬਿਲੀਅਨ ਸ਼ਾਮਲ ਕੀਤੇ ਗਏ ਹਨ।

**ਬ੍ਰਿਟਿਸ਼ ਕੋਲੰਬੀਆ ਨਿਵਾਸੀਆਂ ਲਈ ਖ਼ਰੀਦ-ਪਹੁੰਚ ਯੋਗ ਬਾਲ-ਸੰਭਾਲ**

ਪਿਛਲੇ ਚਾਰ ਸਾਲਾਂ ਦੌਰਾਨ ਇਤਿਹਾਸਕ ਨਿਵੇਸ਼ਾਂ ਰਾਹੀਂ 35,000 ਤੋਂ ਵੱਧ ਬੀ ਸੀ ਦੇ ਪਰਿਵਾਰਾਂ ਦੀ ਹੁਣ ਸਸਤੀ ਬਾਲ-ਸੰਭਾਲ ਤੱਕ ਪਹੁੰਚ ਹੋ ਚੁੱਕੀ ਹੈ। ਬਜਟ 2021 ਵਿੱਚ ਸਾਰੇ ਪਰਿਵਾਰਾਂ ਲਈ ਗੁਣਵੱਤਾ-ਪੂਰਣ ਅਤੇ ਖ਼ਰੀਦ-ਪਹੁੰਚ ਯੋਗ ਬਾਲ-ਸੰਭਾਲ ਉਪਲਬਧ ਕਰਾਉਣ ਲਈ ਸਰਕਾਰ ਦੀ ਯੋਜਨਾ ਜਾਰੀ ਰੱਖੀ ਗਈ ਹੈ, ਜਿਸ ਵਿੱਚ ਚਾਈਲਡਕੇਅਰ ਬੀ ਸੀ ਯੂਨੀਵਰਸਲ ਪ੍ਰੋਟੋਟਾਈਪ ਸਾਈਟਸ ਰਾਹੀਂ $10 ਪ੍ਰਤੀ ਦਿਨ ਵਾਲੀਆਂ ਬਾਲ-ਸੰਭਾਲ ਥਾਂਵਾਂ ਦੀ ਗਿਣਤੀ ਦੁੱਗਣੀ ਤੋਂ ਵੱਧ ਕਰਨ ਦੇ ਨਾਲ ਨਾਲ ਕਾਮਿਆਂ ਦੇ ਵੇਤਨ ਵਿੱਚ ਸੁਧਾਰ ਕਰਨਾ ਅਤੇ ਹਜ਼ਾਰਾਂ ਹੋਰ ਨਵੀਆਂ ਥਾਂਵਾਂ ਵਧਾਉਣਾ ਸ਼ਾਮਲ ਹੈ।

**ਬੀ ਸੀ ਰਿਕਵਰੀ ਬੈਨੀਫ਼ਿਟ**

ਅੱਜ ਦੀ ਤਾਰੀਖ਼ ਤੱਕ $1.2 ਬਿਲੀਅਨ ਤੋਂ ਜ਼ਿਆਦਾ ਰਾਹੀਂ ਸਥਾਨਕ ਅਰਥ ਵਿਵਸਥਾਵਾਂ ਨੂੰ ਉਭਾਰਨ ਦੇ ਨਾਲ ਨਾਲ ਬੀ ਸੀ ਰਿਕਵਰੀ ਬੈਨੀਫ਼ਿਟ ਤੋਂ ਲਗਭਗ 2.5 ਮਿਲੀਅਨ ਬ੍ਰਿਟਿਸ਼ ਕੋਲੰਬੀਆ ਨਿਵਾਸੀਆਂ ਨੂੰ ਮਦਦ ਮਿਲੀ ਹੈ। ਇਹ ਬੈਨੀਫ਼ਿਟ, ਯੋਗ ਪਰਿਵਾਰਾਂ ਅਤੇ ਇਕੱਲੇ ਮਾਪਿਆਂ ਨੂੰ $1,000 ਤੱਕ, ਅਤੇ ਯੋਗ ਵਿਅਕਤੀਆਂ ਨੂੰ $500 ਤੱਕ ਇੱਕੋ ਵਾਰ ਪ੍ਰਾਪਤ ਹੋਣ ਵਾਲੀ, ਟੈਕਸ-ਮੁਕਤ ਅਦਾਇਗੀ ਪ੍ਰਦਾਨ ਕਰਦਾ ਹੈ। ਬੀ ਸੀ ਰਿਕਵਰੀ ਬੈਨੀਫ਼ਿਟ ਲਈ ਮਾਲੀ ਮਦਦ ਦੇਣਾ ਜਾਰੀ ਰੱਖਣ ਲਈ ਬਜਟ 2021 ਵਿੱਚ $100 ਮਿਲੀਅਨ ਸ਼ਾਮਲ ਕੀਤੇ ਗਏ ਹਨ। ਲੋਕ ਜੂਨ 30, 2021 ਤੱਕ ਅਰਜ਼ੀ ਦੇ ਸਕਦੇ ਹਨ।

**ਬ੍ਰਿਟਿਸ਼ ਕੋਲੰਬੀਆ ਨਿਵਾਸੀਆਂ ਨੂੰ ਸਿਹਤਮੰਦ ਰੱਖਣਾ**

ਇੱਕ ਸਿਹਤਮੰਦ ਅਰਥ ਵਿਵਸਥਾ ਅਤੇ ਇੱਕ ਸਿਹਤਮੰਦ ਭਵਿੱਖ ਲਈ ਸਿਹਤਮੰਦ ਪਰਿਵਾਰ ਬੇਹੱਦ ਜ਼ਰੂਰੀ ਹੁੰਦੇ ਹਨ, ਅਤੇ ਬਜਟ 2021 ਰਾਹੀਂ ਬ੍ਰਿਟਿਸ਼ ਕੋਲੰਬੀਆ ਦੇ ਪਰਿਵਾਰਾਂ ਨੂੰ ਕੋਵਿਡ-19 ਤੋਂ ਨਿਰੰਤਰ ਸੁਰੱਖਿਅਤ ਰੱਖਿਆ ਜਾਵੇਗਾ ਅਤੇ ਸਿਹਤਮੰਦ ਅਤੇ ਸੁਰੱਖਿਅਤ ਰਹਿਣ ਲਈ ਉਨ੍ਹਾਂ ਸਿਹਤ ਅਤੇ ਮਾਨਸਕ ਸਿਹਤ ਸੇਵਾਵਾਂ ਦਾ ਦਾਇਰਾ ਵਧਾਇਆ ਜਾਵੇਗਾ ਜਿਨ੍ਹਾਂ 'ਤੇ ਲੋਕ ਨਿਰਭਰ ਕਰਦੇ ਹਨ।

**ਬੀ ਸੀ ਦੇ ਕਮਜ਼ੋਰ ਲੋਕਾਂ ਨੂੰ ਸਹਾਰਾ**

ਉਨ੍ਹਾਂ ਬਹੁਤ ਸਾਰੇ ਲੋਕਾਂ ਲਈ ਜਿਨ੍ਹਾਂ ਨੇ ਪਹਿਲਾਂ ਤੋਂ ਹੀ ਵਿਵਸਥਾਗਤ ਰੁਕਾਵਟਾਂ ਜਾਂ ਦਮਨ ਦਾ ਸਾਹਮਣਾ ਕੀਤਾ ਹੈ, ਕੋਵਿਡ-19 ਮਹਾਮਾਰੀ ਦੇ ਪ੍ਰਭਾਵਾਂ ਨੇ ਮੌਜੂਦਾ ਅਸਮਾਨਤਾਵਾਂ ਵਿੱਚ ਇਜ਼ਾਫ਼ਾ ਕਰ ਦਿੱਤਾ ਹੈ। ਮੂਲਵਾਸੀ ਇਸਤ੍ਰੀਆਂ, ਰੰਗਦਾਰ ਲੋਕਾਂ, ਅਪੰਗਤਾ ਵਾਲੀਆਂ ਇਸਤ੍ਰੀਆਂ, ਗ਼ੈਰ-ਯੁਗਮ (ਨੌਨ-ਬਾਈਨਰੀ) ਲੋਕਾਂ ਅਤੇ 2ਐੱਸ ਐੱਲ ਜੀ ਬੀ ਟੀ ਕਿਊ+ (2SLGBTQ+) ਭਾਈਚਾਰੇ ਦੇ ਲੋਕਾਂ ਲਈ ਦੀਰਘ-ਕਾਲੀਨ ਆਰਥਕ ਅਸੁਰੱਖਿਆ ਵਿੱਚ ਹੋਰ ਵੀ ਇਜ਼ਾਫ਼ਾ ਹੋ ਜਾਂਦਾ ਹੈ। ਉਹ ਰੁਕਾਵਟਾਂ, ਜੋ ਸਹਾਇਤਾ ਸਾਧਨਾਂ ਤੱਕ ਪਹੁੰਚ ਨੂੰ ਰੋਕਦੀਆਂ ਹਨ, ਨੂੰ ਦੂਰ ਕਰਨ ਜਾਂ ਤੋੜਨ ਵਿੱਚ ਸਹਾਇਤਾ ਦੇਣ ਲਈ ਬਜਟ 2021 ਵਿੱਚ ਅਸਮਾਨਤਾ ਦਾ ਸਾਹਮਣਾ ਕਰਨ ਵਾਲੇ ਲੋਕਾਂ ਵੱਲ ਸੇਧਿਤ ਪ੍ਰੋਗਰਾਮ ਅਤੇ ਮਾਲੀ ਮਦਦ ਸ਼ਾਮਲ ਹੈ ਤਾਂ ਕਿ ਉਹ ਸਹਾਇਤਾ ਜਿਸ ਦੀ ਲੋਕਾਂ ਨੂੰ ਜ਼ਰੂਰਤ ਹੈ ਜਾਂ ਜਦੋਂ ਇਸ ਦੀ ਜ਼ਰੂਰਤ ਹੋਵੇ, ਉਨ੍ਹਾਂ ਨੂੰ ਮਿਲ ਸਕੇ।

## ਆਮਦਨੀ ਅਤੇ ਡਿਸੇਬਿਲਿਟੀ ਸਹਾਇਤਾ

ਮਾਲੀ ਰੁਕਾਵਟਾਂ ਦਾ ਸਾਹਮਣਾ ਕਰ ਰਹੇ ਲੋਕਾਂ ਲਈ, ਬਜਟ 2021 ਵਿੱਚ ਬੀ ਸੀ ਵਿੱਚ ਆਮਦਨੀ ਅਤੇ ਡਿਸੇਬਿਲਿਟੀ ਸਹਾਇਤਾ ਵਿੱਚ ਅੱਜ ਤੱਕ ਦਾ ਸਭ ਤੋਂ ਵੱਡਾ ਸਥਾਈ ਵਾਧਾ ਸ਼ਾਮਲ ਹੈ।2017 ਤੋਂ ਲੈ ਕੇ ਕੁੱਲ ਮਿਲਾ ਕੇ $150 ਦੇ ਹੋਏ ਪਹਿਲੇ ਦੋ ਵਾਧਿਆਂ ਵਿੱਚ $175 ਪ੍ਰਤੀ ਮਹੀਨਾ ਦਾ ਹੋਰ ਵਾਧਾ ਜੁੜ ਗਿਆ ਹੈ, ਜਿਸ ਨਾਲ ਸਹਾਇਤਾ ਦਰਾਂ ਵਿੱਚ ਕੁੱਲ $325 ਪ੍ਰਤੀ ਮਹੀਨਾ ਦਾ ਵਾਧਾ ਹੋ ਗਿਆ ਹੈ। ਇਹ ਤਿੰਨ ਵਾਧੇ ਬੀ ਸੀ ਵਿੱਚ 10 ਸਾਲਾਂ ਦੌਰਾਨ ਹੋਣ ਵਾਲੇ ਪਹਿਲੇ ਵਾਧੇ ਸਨ। ਬਜਟ 2021 ਵਿੱਚ ਸੀਨੀਅਰ ਸਪਲੀਮੈਂਟ ਵਿੱਚ ਵੀ $50 ਦਾ ਵਾਧਾ ਪ੍ਰਦਾਨ ਕੀਤਾ ਗਿਆ ਹੈ- ਜੋ 1987 ਵਿੱਚ ਇਸ ਦੇ ਸਥਾਪਤ ਹੋਣ ਤੋਂ ਬਾਦ ਪਹਿਲਾ ਵਾਧਾ ਹੈ ਅਤੇ ਇਸ ਨਾਲ ਘੱਟ ਆਮਦਨੀ ਵਾਲੇ 80,000 ਬਜ਼ੁਰਗਾਂ ਨੂੰ ਸਹਾਇਤਾ ਮਿਲੇਗੀ।

## ਚਾਈਲਡ ਅਪਰਚਿਊਨਿਟੀ ਬੈਨੀਫ਼ਿਟ

ਅਕਤੂਬਰ 2020 ਤੋਂ ਪ੍ਰਭਾਵੀ, ਲਗਭਗ 300,000 ਪਰਿਵਾਰਾਂ ਨੂੰ ਚਾਈਲਡ ਅਪਰਚਿਊਨਿਟੀ ਬੈਨੀਫ਼ਿਟ ਮਿਲਣਾ ਸ਼ੁਰੂ ਹੋਇਆ ਹੈ, ਜੋ ਬੱਚੇ ਦੇ 18 ਸਾਲ ਦਾ ਹੋ ਜਾਣ ਤੱਕ ਜਾਰੀ ਰਹੇਗਾ, ਜਦ ਕਿ ਪਹਿਲੇ ਬੈਨੀਫ਼ਿਟ ਛੇ ਸਾਲ ਦੀ ਉਮਰ ‘ਤੇ ਬੰਦ ਹੋ ਜਾਂਦੇ ਸਨ। ਇੱਕ ਬੱਚੇ ਵਾਲੇ ਪਰਿਵਾਰਾਂ ਨੂੰ ਪ੍ਰਤੀ ਸਾਲ $1,600 ਤੱਕ, ਦੋ ਬੱਚਿਆਂ ਵਾਲੇ ਪਰਿਵਾਰਾਂ ਨੂੰ $2,600 ਤੱਕ, ਅਤੇ ਤਿੰਨ ਬੱਚਿਆਂ ਵਾਲੇ ਪਰਿਵਾਰਾਂ ਨੂੰ $3,400 ਤੱਕ ਪ੍ਰਾਪਤ ਹੁੰਦੇ ਹਨ। ਕੁੱਲ ਮਿਲਾ ਕੇ, ਬੀ ਸੀ ਵਿੱਚ ਪਰਿਵਾਰਾਂ ਨੂੰ ਇਸ ਸਾਲ ਚਾਈਲਡ ਅਪਰਚਿਊਨਿਟੀ ਬੈਨੀਫ਼ਿਟ ਰਾਹੀਂ $410 ਮਿਲੀਅਨ ਪ੍ਰਾਪਤ ਹੋਣਗੇ।

## ਬੇਘਰੀ ਦਾ ਸਾਹਮਣਾ ਕਰ ਰਹੇ ਲੋਕਾਂ ਲਈ ਸਹਾਇਤਾ ਸਾਧਨ

ਇੱਕ ਅਜਿਹੇ ਸਮੇਂ ਜਦੋਂ ਬ੍ਰਿਟਿਸ਼ ਕੋਲੰਬੀਆ ਨਿਵਾਸੀਆਂ ਨੂੰ ਘਰਾਂ ਵਿੱਚ ਰਹਿਣ ਲਈ, ਹੱਥ ਧੋਂਦੇ ਰਹਿਣ ਲਈ ਅਤੇ ਸੁਰੱਖਿਅਤ ਰਹਿਣ ਲਈ ਕਿਹਾ ਗਿਆ ਸੀ, ਤਾਂ ਬੇਘਰੀ ਦਾ ਸਾਹਮਣਾ ਕਰ ਰਹੇ ਲੋਕਾਂ ਲਈ ਵਿਸ਼ੇਸ਼ ਰੂਪ ਵਿੱਚ ਖ਼ਤਰਾ ਸੀ। ਬੀ ਸੀ ਨੇ ਸ਼ਰਣ-ਸਥਾਨਾਂ ਦੇ ਵਿਕਲਪਾਂ ਵਿੱਚ ਵਾਧਾ ਕਰ ਕੇ ਤੁਰੰਤ ਕਾਰਵਾਈ ਕੀਤੀ, ਜਿਸ ਵਿੱਚ ਹੋਟਲਾਂ ਦੇ ਕਮਰੇ ਕਿਰਾਏ ‘ਤੇ ਲੈ ਕੇ ਅਤੇ ਲੋਕਾਂ ਨੂੰ ਸੁਰੱਖਿਅਤ ਰੱਖਣ ਵਿੱਚ ਮਦਦ ਕਰਨ ਲਈ ਸੇਵਾਵਾਂ ਦੇਣ ਵਾਲੇ ਆਪਾਤ ਸ਼ਰਣ-ਸਥਾਨਾਂ ਰਾਹੀਂ 3,000 ਤੋਂ ਵੱਧ ਅਸਥਾਈ ਸਥਾਨਾਂ ਦਾ ਪ੍ਰਬੰਧ ਕਰਨਾ ਸ਼ਾਮਲ ਹੈ। ਬਜਟ 2021 ਵਿੱਚ ਸ਼ਾਮਲ ਹੈ:

- ਬੇਘਰੀ ਦਾ ਜਾਂ ਅਜਿਹਾ ਹੋਣ ਦੇ ਖ਼ਤਰੇ ਦਾ ਸਾਹਮਣਾ ਕਰ ਰਹੇ ਲੋਕਾਂ ਤੱਕ ਸਹਾਇਤਾ ਸਾਧਨ ਅਤੇ ਸੇਵਾਵਾਂ ਪਹੁੰਚਾਉਣ ਲਈ 2021-22 ਵਿੱਚ ਅਧਿਕਤਰ $265 ਮਿਲੀਅਨ ਤਾਂ ਕਿ 3,000 ਅਸਥਾਈ ਆਪਾਤ ਸ਼ਰਣ-ਸਥਾਨਾਂ ਅਤੇ ਹੋਟਲ ਸਥਾਨਾਂ ਨੂੰ ਬਰਕਰਾਰ ਰੱਖਿਆ ਜਾ ਸਕੇ ਜਿਨ੍ਹਾਂ ਨਾਲ ਬੇਘਰੀ ਦਾ ਸਾਹਮਣਾ ਕਰ ਰਹੇ ਲੋਕਾਂ ਨੂੰ ਮਹਾਮਾਰੀ ਦੇ ਦੌਰਾਨ ਜਾਣ ਲਈ ਇੱਕ ਸੁਰੱਖਿਅਤ ਸਥਾਨ ਦਾ ਸਹਾਰਾ ਮਿਲਿਆ ਹੈ।
- ਰੈਪਿਡ ਹਾਊਸਿੰਗ ਇਨੀਸ਼ਿਏਟਿਵ ਦੇ ਹਿੱਸੇ ਦੇ ਰੂਪ ਵਿੱਚ ਫ਼ੈਡਰਲ ਸਰਕਾਰ ਨਾਲ ਭਾਈਵਾਲੀ ਦੇ ਤਹਿਤ ਹੋਰ ਜ਼ਿਆਦਾ ਸਥਾਈ ਸਹਾਇਕ ਆਵਾਸ ਖੋਲ੍ਹਣਾ।

ਇਹ ਆਪਾਤ ਉਪਾਅ ਇਸ ਸਮੇਂ ਬੇਘਰੀ ਦਾ ਸਾਹਮਣਾ ਕਰ ਰਹੇ ਲੋਕਾਂ ਨੂੰ ਸਹਾਰਾ ਦੇਣ ਲਈ ਇੱਕ ਮਹੱਤਵਪੂਰਣ ਕਦਮ ਹਨ, ਅਤੇ ਸਰਕਾਰ ਭਾਈਚਾਰਕ ਭਾਗੀਦਾਰਾਂ ਨਾਲ ਸਹਿਯੋਗ ਕਰਦੀ ਰਹੇਗੀ ਤਾਂ ਕਿ ਲੋਕਾਂ ਲਈ ਪਰਿਣਾਮਾਂ ਵਿੱਚ ਸੁਧਾਰ ਕਰਦੇ ਰਹਿਣ ਲਈ ਰੋਕਥਾਮ, ਵਧੇਰੇ ਆਵਾਸ ਵਿਲਕਪਾਂ, ਅਤੇ ਸਹਾਇਤਾ ਸੇਵਾਵਾਂ ‘ਤੇ ਅਧਾਰਤ ਇੱਕ ਤਾਲਮੇਲ-ਯੁਕਤ ਕਾਰਵਾਈ ਕੀਤੀ ਜਾ ਸਕੇ।

## ਬੀ ਸੀ ਲਈ ਇੱਕ ਵਧੇਰੇ ਨਿਆਂਸੰਗਤ ਭਵਿੱਖ ਦਾ ਨਿਰਮਾਣ

ਬਜਟ 2021 ਇਹ ਚੀਜ਼ਾਂ ਪ੍ਰਦਾਨ ਕਰ ਕੇ ਉਨ੍ਹਾਂ ਲੋਕਾਂ ਦੀ ਮਦਦ ਕਰਨ ਲਈ ਅੱਗੇ ਤੱਕ ਜਾਂਦਾ ਹੈ ਜਿਨ੍ਹਾਂ ਨੂੰ ਇਸ ਦੀ ਸਭ ਤੋਂ ਵੱਧ ਜ਼ਰੂਰਤ ਹੈ, ਜਿਸ ਵਿੱਚ ਮੂਲਵਾਸੀ ਭਾਈਚਾਰੇ, ਅਪੰਗਤਾ ਵਾਲੇ ਲੋਕ, ਇਸਤ੍ਰੀਆਂ ਅਤੇ ਯੁਵਕ ਸ਼ਾਮਲ ਹਨ:

- $85 ਮਿਲੀਅਨ ਮਾਲੀ ਯੋਜਨਾ ਦੌਰਾਨ, ਤਾਂ ਕਿ ਪਰਿਵਾਰਾਂ, ਬੱਚਿਆਂ ਅਤੇ ਯੁਵਕਾਂ ਲਈ ਸੇਵਾਵਾਂ ਵਿੱਚ ਸਹਾਇਤਾ ਦਿੱਤੀ ਜਾ ਸਕੇ, ਜਿਸ ਵਿੱਚ ਸੰਭਾਲ ਅਧੀਨ ਬੱਚਿਆਂ ਲਈ ਅਧਿਕਤਰ ਮਾਲੀ ਮਦਦ, ਅਤੇ ਅਪੰਗਤਾ ਵਾਲੇ ਬੱਚਿਆਂ ਲਈ ਡਾਕਟਰੀ ਉਪਕਰਣਾਂ ਲਈ ਅਤੇ ਉਹ ਬੱਚੇ ਜੋ ਬੋਲੇ ਹਨ ਜਾਂ ਜਿਨ੍ਹਾਂ ਨੂੰ ਘੱਟ ਸੁਣਾਈ ਦਿੰਦਾ ਹੈ, ਉਨ੍ਹਾਂ ਲਈ ਬੱਚਿਆਂ ਲਈ ਸੇਵਾਵਾਂ ਵਾਸਤੇ ਹੋਰ ਜ਼ਿਆਦਾ ਮਾਲੀ ਮਦਦ ਸ਼ਾਮਲ ਹੈ।
- $367 ਮਿਲੀਅਨ ਦੀ ਨਵੀਂ ਮਾਲੀ ਮਦਦ ਤਿੰਨ ਸਾਲਾਂ ਦੇ ਦੌਰਾਨ ਕਮਿਊਨਿਟੀ ਲਿਵਿੰਗ ਬੀ ਸੀ ਲਈ, ਤਾਂ ਕਿ ਵਿਕਾਸ ਅਪੰਗਤਾ ਵਾਲੇ 24,000 ਤੋਂ ਵੱਧ ਬਾਲਗ਼ਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਸਹਾਇਤਾ ਸਾਧਨ ਅਤੇ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਸਕਣ।
- $132 ਮਿਲੀਅਨ ਤਿੰਨ ਸਾਲਾਂ ਦੇ ਦੌਰਾਨ ਇੱਕ ਅਜਿਹੀ ਨਿਆਂ ਪ੍ਰਣਾਲੀ ਲਈ ਜੋ ਸਾਰੇ ਬ੍ਰਿਟਿਸ਼ ਕੋਲੰਬੀਆ ਨਿਵਾਸੀਆਂ ਨੂੰ ਸੇਵਾਵਾਂ ਪ੍ਰਦਾਨ ਕਰਦਾ ਹੈ ਅਤੇ ਵਿਸ਼ੇਸ਼ ਰੂਪ ਵਿੱਚ ਇਸਤ੍ਰੀਆਂ, ਪ੍ਰਤੱਖ ਘੱਟ ਗਿਣਤੀਆਂ, ਇਕੱਲੇ ਮਾਪਿਆਂ, ਸ਼ਰਨਾਰਥੀਆਂ, ਮੂਲਵਾਸੀ ਲੋਕਾਂ, 2ਐੱਸ ਐੱਲ ਜੀ ਬੀ ਟੀ ਕਿਊ+ (2SLGBTQ+) ਭਾਈਚਾਰੇ ਦੇ ਮੈਂਬਰਾਂ ਅਤੇ ਘੱਟ ਆਮਦਨੀ ਵਾਲੇ ਲੋਕਾਂ ਨੂੰ ਇਨਸਾਫ਼ ਤੱਕ ਸਮੇਂ ਸਿਰ ਅਤੇ ਨਿਆਂਸੰਗਤ ਪਹੁੰਚ ਪ੍ਰਦਾਨ ਕਰਦਾ ਹੈ।
- $45 ਮਿਲੀਅਨ ਮਾਲੀ ਯੋਜਨਾ ਦੌਰਾਨ, ਫ਼ਸਟ ਨੇਸ਼ਨਜ਼ ਦੀ ਸੱਭਿਆਚਾਰਕ ਸੁਰੱਖਿਆ ਅਤੇ ਨਿਮਰਤਾ ਸਿਖਲਾਈ ਲਈ ਅਤੇ ਹਰ ਇੱਕ ਖੇਤਰੀ ਸਿਹਤ ਅਧਿਕਰਣ ਵਿੱਚ ਮੂਲਵਾਸੀ ਸੰਪਰਕ ਵਿਅਕਤੀ ਲਗਾਉਣ ਲਈ, ਤਾਂ ਕਿ ਸਿਖਲਾਈ ਅਤੇ ਸਿੱਖਿਆ ਰਾਹੀਂ ਸਿਹਤ-ਸੰਭਾਲ ਪ੍ਰਣਾਲੀ ਵਿੱਚ ਵਿਵਸਥਾਗਤ ਮੂਲਵਾਸੀ ਨਸਲਵਾਦ ਦੇ ਸਮਾਧਾਨ ਵਿੱਚ ਸਹਾਇਤਾ ਹੋ ਸਕੇ।
- $20 ਮਿਲੀਅਨ ਮਾਲੀ ਯੋਜਨਾ ਦੌਰਾਨ, ਤਾਂ ਕਿ ਐਬੋਰਿਜਿਨਲ ਹੈੱਡ ਸਟਾਰਟ ਪ੍ਰੋਗਰਾਮ, ਜੋ ਫ਼ੀਸ ਤੋਂ ਬਗ਼ੈਰ ਮੂਲਵਾਸੀ ਪਰਿਵਾਰਾਂ ਨੂੰ ਸੱਭਿਆਚਾਰਕ ਲਿਹਾਜ਼ ਨਾਲ ਉਚਿਤ ਦੇਖਭਾਲ ਪ੍ਰਦਾਨ ਕਰਦਾ ਹੈ, ਵਿੱਚ 400 ਹੋਰ ਸਥਾਨ ਜੋੜੇ ਜਾ ਸਕਣ।
- $17 ਮਿਲੀਅਨ, ਤਾਂ ਕਿ ਮੂਲਵਾਸੀ ਹੁਨਰ ਸਿਖਲਾਈ ਪ੍ਰੋਗਰਾਮ ਰਾਹੀਂ ਪ੍ਰੋਗਰਾਮਾਂ ਤੱਕ ਪਹੁੰਚ ਦਾ ਦਾਇਰਾ ਵਧਾਉਣ ਲਈ ਸੈਂਕੜੇ ਮੂਲਵਾਸੀ ਭਾਈਚਾਰਿਆਂ ਅਤੇ ਸੰਸਥਾਵਾਂ ਨਾਲ ਭਾਈਵਾਲੀ ਕੀਤੀ ਜਾ ਸਕੇ।
- ਇੱਕ ਅਜਿਹਾ ਖੇਤਰ, ਜਿਸ ਵਿੱਚ ਉਹ ਸਮੂਹ ਜੋ ਅਸੰਗਤ ਢੰਗ ਨਾਲ ਪ੍ਰਭਾਵਤ ਹੋਏ ਹਨ, ਕਿਰਤੀਬਲ ਦੇ ਇੱਕ ਵੱਡੇ ਹਿੱਸੇ ਦੀ ਪ੍ਰਤੀਨਿਧਤਾ ਕਰਦੇ ਹਨ, ਉਨ੍ਹਾਂ ਦੀ ਆਰਥਕ ਮੁੜ-ਬਹਾਲੀ ਨੂੰ ਸਹਾਰਾ ਦੇਣ ਲਈ ਸੈਰ-ਸਪਾਟਾ ਨਿਵੇਸ਼।

ਸਰਕਾਰ ਨਸਲਵਾਦ ਦੇ ਵਿਰੁੱਧ ਜੰਗ ਲੜਨ ਲਈ ਅਤੇ ਬੀ ਸੀ ਨੂੰ ਹਰ ਇੱਕ ਲਈ ਵਧੇਰੇ ਸੁਆਗਤ-ਪੂਰਣ ਅਤੇ ਸਮਾਵੇਸ਼ੀ ਬਣਾਉਣ ਲਈ ਵਚਨਬੱਧ ਹੈ। ਸੂਬਾ ਸਰਕਾਰ ਬੀ ਸੀ ਮਨੁੱਖੀ ਅਧਿਕਾਰ ਕਮਿਸ਼ਨ ਦੀ ਬਹਾਲੀ ਨਾਲ, ਸਕੂਲਾਂ ਲਈ ਵਧੇਰੇ ਮਜ਼ਬੂਤ ਨਸਲਵਾਦ-ਵਿਰੋਧੀ ਸਹਾਇਤਾ ਸਾਧਨਾਂ ਰਾਹੀਂ ਅਤੇ ਨਸਲ-ਅਧਾਰਤ ਅੰਕੜੇ ਇਕੱਤਰ ਕਰਨ ਬਾਰੇ ਨਵਾਂ ਨਸਲਵਾਦ-ਵਿਰੋਧੀ ਐਕਟ ਅਤੇ ਵਿਧਾਨ ਬਣਾ ਕੇ ਨਿਰੰਤਰ ਨਸਲਵਾਦ ਨਾਲ ਨਜਿੱਠਦੀ ਆ ਰਹੀ ਹੈ।

ਬਜਟ 2021 ਰਾਹੀਂ ਬਾਲ-ਸੰਭਾਲ ਨੂੰ ਅੱਗੇ ਵਧਾਉਣ ਲਈ, ਜੀਵਨ ਨੂੰ ਵਧੇਰੇ ਖ਼੍ਰੀਦ-ਪਹੁੰਚ ਯੋਗ ਬਣਾਉਣ ਲਈ, ਨਿਰਧਨਤਾ ਨੂੰ ਘਟਾਉਣ ਲਈ, ਅਰਥਪੂਰਣ ਮੇਲ-ਮਿਲਾਪ ਦੀ ਪ੍ਰਗਤੀ ਲਈ ਨਵੇਂ ਨਿਵੇਸ਼ ਕੀਤੇ ਗਏ ਹਨ ਅਤੇ ਉਹ ਸੇਵਾਵਾਂ ਜਿਨ੍ਹਾਂ 'ਤੇ ਲੋਕ ਬ੍ਰਿਟਿਸ਼ ਕੋਲੰਬੀਆ ਲਈ ਭਵਿੱਖ ਦੀ ਇੱਕ ਅਜਿਹੀ ਆਰਥਕ ਮੁੜ-ਬਹਾਲੀ ਲਈ ਭਰੋਸਾ ਕਰਦੇ ਹਨ ਜਿਸ ਵਿੱਚ ਹੋਰ ਕੋਈ ਸ਼ਾਮਲ ਹੋਵੇ, ਵਿੱਚ ਨਿਵੇਸ਼ ਕੀਤਾ ਗਿਆ ਹੈ।

**ਸੰਪਰਕ:**
ਵਿੱਤ ਮੰਤਰਾਲਾ
ਮੀਡੀਆ ਸੰਪਰਕ
250 387-5710